# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਪੰਜਾਬੀ ਵਿੱਚ ਨੋਟ

WORKaBOOK®

**Workabooks ਕੀ ਹਨ?**
Workabooks ਵਿਚ ਹਰ ਉਹ ਚੀਜ਼ ਮੌਜੂਦ ਹੈ ਜਿਸਦੀ ਤੁਹਾਡੇ ਪ੍ਰਾਇਮਰੀ ਸਕੂਲ ਵਿਚ ਪੜ੍ਹ ਰਹੇ ਬੱਚੇ ਨੂੰ, ਇੱਕ ਵਿਸ਼ੇ ਵਿੱਚ, ਇੱਕ ਸਕੂਲੀ ਵਰ੍ਹੇ ਦੌਰਾਨ ਹੋਮਵਰਕ ਕਰਨ ਲਈ ਲੋੜ ਹੁੰਦੀ ਹੈ।

Workabook ਦਾ ਹੋਮਵਰਕ ਕਲਾਸ ਵਿਚ ਕੀਤੇ ਕੰਮ ਦਾ ਵਿਸਤਾਰ ਹੁੰਦਾ ਹੈ ਇਹ ਰਾਸ਼ਟਰੀ ਪਾਠਕ੍ਰਮ 'ਤੇ ਆਧਾਰਤ ਹੁੰਦਾ ਹੈ। Workabook ਦਾ ਹੋਮਵਰਕ ਤਿੰਨ ਵੱਖ-ਵੱਖ ਕਿਸਮ ਦੀ ਹੋਮਵਰਕ ਗਤੀਵਿਧੀ 'ਤੇ ਅਧਾਰਤ ਹੁੰਦਾ ਹੈ: ਸਿੱਖਣਾ/ਯਾਦ ਕਰਨਾ, ਅਭਿਆਸ ਕਰਨਾ, ਸੋਚਣਾ।

**ਸਿੱਖਣ/ਯਾਦ ਕਰਨ ਲਈ ਸਮੱਗਰੀ**
ਇਸ ਵਿੱਚ ਉਹ ਚੀਜ਼ਾਂ ਹਨ ਜਿਹੜੀਆਂ ਤੁਹਾਡੇ ਬੱਚੇ ਨੂੰ ਇਸ ਸਾਲ ਸਿੱਖਣੀਆਂ ਚਾਹੀਦੀਆਂ ਹਨ। ਕੁਝ ਚੀਜ਼ਾਂ, ਜਿਵੇਂ ਪਹਾੜੇ ਅਤੇ ਸ਼ਬਦਾਂ ਦੀ ਸੂਚੀ, ਜ਼ਬਾਨੀ ਯਾਦ ਕਰਨੀਆਂ ਪੈਂਦੀਆਂ ਹਨ। ਇਹ ਨੀਲੇ (ਗਣਿਤ) ਅਤੇ ਸੰਤਰੀ (ਇੰਗਲਿਸ਼) ਰੰਗ ਦੇ ਕਿਨਾਰੇ ਵਾਲੇ ਪੰਨਿਆਂ 'ਤੇ ਹਨ।

ਯਾਦ ਕਰਨ ਵਾਲੀ ਸਮੱਗਰੀ ਲਈ ਦੁਹਰਾਉਣਾ ਬਹੁਤ ਮਹੱਤਵਪੂਰਨ ਹੁੰਦਾ ਹੈ, ਅਤੇ ਪਹਾੜਿਆਂ ਵਰਗੀ ਸਮੱਗਰੀ ਦੀ ਜਾਂਚ, ਜੇ ਤੁਸੀਂ ਚਾਹੋ, ਸਕੂਲ ਜਾਂਦਿਆਂ ਜਾਂ ਉੱਥੋਂ ਆਉਂਦਿਆਂ ਕਰ ਸਕਦੇ ਹੋ।

**ਅਭਿਆਸ ਲਈ ਸਮੱਗਰੀ**
ਅਭਿਆਸ ਸਮੱਗਰੀ ਸਿੱਖੀਆਂ ਗਈਆਂ ਗੱਲਾਂ ਨੂੰ ਪੱਕਾ ਕਰਨ ਲਈ ਤਿਆਰ ਕੀਤੀ ਗਈ ਹੈ। ਇਹ ਤੁਹਾਨੂੰ ਸੰਤਰੀ (ਗਣਿਤ) ਅਤੇ ਬੈਂਗਣੀ (ਇੰਗਲਿਸ਼) ਰੰਗ ਦੇ ਕਿਨਾਰੇ ਵਾਲੇ ਪੰਨਿਆਂ ਤੇ ਮਿਲੇਗੀ। ਇਸ ਨੂੰ ਤਿੰਨ ਵੱਖ-ਵੱਖ ਪੱਧਰਾਂ ਵਿੱਚ ਵੰਡਿਆ ਗਿਆ ਹੈ:

- ਪੱਧਰ A: ਬੁਨਿਆਦੀ ਪੱਧਰ ਪ੍ਰਾਪਤ ਕਰਨ ਲਈ;
- ਪੱਧਰ B: ਰਾਸ਼ਟਰੀ ਉਮੀਦਾਂ ਪੂਰੀਆਂ ਕਰਨ ਅਤੇ ਪੱਕੀਆਂ ਕਰਨ ਲਈ;
- ਪੱਧਰ C: ਕੁਝ ਚੁਣੌਤੀ ਦੇਣ ਲਈ।

ਇਸ ਲਚਕੀਲੇਪਨ ਦੇ ਕਾਰਨ ਸਾਰੇ ਬੱਚੇ ਪ੍ਰਗਤੀ ਕਰ ਸਕਦੇ ਹਨ ਅਤੇ ਕੁਝ ਪ੍ਰਾਪਤ ਕਰ ਸਕਦੇ ਹਨ। ਆਮ ਤੌਰ ਤੇ ਪੱਧਰ ਦੀ ਚੋਣ ਟੀਚਰ ਦੁਆਰਾ ਕੀਤੀ ਜਾਵੇਗੀ ਪਰ ਜੇ ਤੁਹਾਡਾ ਬੱਚਾ ਅਗਲੇ ਉਪਰਲੇ ਪੱਧਰ ਨੂੰ ਵੀ ਅਜ਼ਮਾਉਣਾ ਚਾਹੁੰਦਾ ਹੈ ਤਾਂ ਤੁਸੀਂ ਉਸਨੂੰ ਅਜਿਹਾ ਕਰਨ ਲਈ ਉਤਸ਼ਾਹਿਤ ਕਰੋ।

**ਸੋਚਣ ਲਈ ਕੰਮ**
ਸੋਚਣ (ਅਤੇ ਲਿਖਣ) ਦਾ ਕੰਮ ਵਿਖਾਉਂਦਾ ਹੈ ਕਿ ਗਣਿਤ ਅਤੇ ਇੰਗਲਿਸ਼ ਨੂੰ ਕਿਵੇਂ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਵਰਤਿਆ ਜਾ ਸਕਦਾ ਹੈ। ਇਹ ਹਰੇ (ਗਣਿਤ) ਅਤੇ ਲਾਲ (ਇੰਗਲਿਸ਼) ਰੰਗ ਦੇ ਕਿਨਾਰੇ ਵਾਲੇ ਪੰਨਿਆਂ 'ਤੇ ਹਨ। ਇਸ ਵਿੱਚ ਸਿੱਖਣ/ਯਾਦ ਕਰਨ ਅਤੇ ਅਭਿਆਸ ਵਾਲੀ ਸਮੱਗਰੀਆਂ ਰਾਹੀਂ ਵਿਕਸਤ ਕੀਤੀ ਹੋਈ ਮਹਾਰਤ ਦੀ ਵਰਤੋਂ ਹੁੰਦੀ ਹੈ।

Workabooks ਵਿੱਚ ਹੇਠਾਂ ਲਿਖੀਆਂ ਚੀਜ਼ਾਂ ਵੀ ਸ਼ਾਮਿਲ ਹਨ:

- ਇੱਕ ***ਛੋਟਾ ਸ਼ਬਦਕੋਸ਼*** ਜਿਸ ਵਿੱਚ ਉਸ ਸਾਲ ਲਈ ਜ਼ਰੂਰੀ ਸ਼ਬਦ ਹਨ। ਇਸ ਦੀ ਵਰਤੋਂ ਕਰਕੇ ਸਾਲ ਦੇ ਦੌਰਾਨ ਬੱਚੇ ਆਪਣੀਆਂ ਪਰਿਭਾਸ਼ਾਵਾਂ ਵਿਕਸਤ ਕਰ ਸਕਦੇ ਹਨ;
- ***ਸਲੇਟੀ ਪੰਨੇ*** ਟਿੱਪਣੀਆਂ ਲਿਖਣ ਜਾਂ ਹੋਰ ਜ਼ਰੂਰੀ ਕੰਮ ਲਈ;
- ਇੱਕ ***ਪ੍ਰਾਪਤੀ*** ਪੰਨਾ ਜੋ ਬੱਚਿਆਂ ਨੂੰ ਆਪਣੀ Workabook ਪੂਰੀ ਕਰਨ ਲਈ ਪ੍ਰੇਰਿਤ ਕਰਦਾ ਹੈ;
- ਇੰਗਲਿਸ਼ ਲਈ, ਇੱਕ ***ਪੜ੍ਹੀਆਂ ਚੀਜ਼ਾਂ ਦਾ ਰਿਕਾਰਡ*** ਪੰਨਾ ਆਨੰਦ ਮਾਣਨ ਲਈ ਪੜ੍ਹਨ ਨੂੰ ਉਤਸ਼ਾਹਿਤ ਕਰਦਾ ਹੈ;
- ਗਣਿਤ ਲਈ, ***ਹਵਾਲਾ*** ਵਿੱਚ ਵਾਧੂ ਜਾਣਕਾਰੀ ਅਤੇ ਸਹਾਇਕ ਦਸਤਾਵੇਜ਼ ਸ਼ਾਮਲ ਹਨ।

**ਸ਼ੁਰੂਆਤ ਕਰਨੀ**
ਹੋਮਵਰਕ ਆਮ ਤੌਰ ਤੇ ਹਰ ਹਫਤੇ ਸੈਟ ਕੀਤਾ ਜਾਵੇਗਾ। ਕਲਾਸ ਵਿੱਚ ਤੁਹਾਡਾ ਬੱਚਾ ਆਪਣੀ Workabook ਵਿਚ ਉਹ ਸਾਰੇ ਕੰਮ ਨੋਟ ਕਰ ਲਵੇਗਾ ਜਿਹੜੇ ਉਸਨੂੰ ਪੂਰੇ ਕਰਨ ਲਈ ਆਖਿਆ ਗਿਆ ਹੈ। ਜਦੋਂ ਤੁਹਾਡਾ ਬੱਚਾ ਹੋਮਵਰਕ ਸ਼ੁਰੂ ਕਰੇ ਤਾਂ ਜਾਂਚ ਕਰੋ ਕਿ ਉਸਨੂੰ ਪਤਾ ਹੋਵੇ ਕਿ ਉਸਨੇ ਕਰਨਾ ਕੀ ਹੈ। ਉਸਨੂੰ ਹੋਮਵਰਕ ਤੁਹਾਡੀ ਮਦਦ ਦੇ ਬਿਨਾਂ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਪਰ ਲੋੜ ਪੈਣ ਤੇ ਤੁਸੀਂ ਸਮਰਥਨ ਅਤੇ ਸਹਾਇਤਾ ਦੀ ਪੇਸ਼ਕਸ਼ ਕਰ ਸਕਦੇ ਹੋ।

ਯਕੀਨੀ ਬਣਾਓ ਕਿ ਉਹਨਾਂ ਕੋਲ ਸਹਾਰਾ ਲੈਣ ਦਾ ਕੋਈ ਸਾਧਨ ਹੋਵੇ ਅਤੇ ਉਹਨਾਂ ਨੂੰ ਪੈਂਸਿਲ ਨਾਲ ਕੰਮ ਕਰਨ ਲਈ ਆਖੋ ਤਾਂਕਿ ਗਲਤੀਆਂ ਨੂੰ ਆਸਾਨੀ ਨਾਲ ਸੁਧਾਰਿਆ ਜਾ ਸਕੇ!

ਜ਼ਿਆਦਾਤਰ ਸਵਾਲ ਇੱਕੋ ਸੈਸ਼ਨ ਵਿਚ ਕੀਤੇ ਜਾ ਸਕਦੇ ਹਨ, ਹਾਲਾਂਕਿ ਸੋਚਣ ਵਾਲੇ ਕੁਝ ਕੰਮਾਂ ਨੂੰ ਕਰਨ ਵਿਚ ਕਈ ਦਿਨ ਲਗ ਸਕਦੇ ਹਨ, ਜਿਵੇਂ ਇਸ ਚੀਜ਼ ਦਾ ਰਿਕਾਰਡ ਰੱਖਣਾ ਕਿ ਸਕੂਲ ਪੁੱਜਣ ਵਿੱਚ ਕਿੰਨਾ ਸਮਾਂ ਲਗਦਾ ਹੈ।

ਹੋਮਵਰਕ ਲਈ ਸਹੀ ਮਾਹੌਲ ਮੁਹੱਈਆ ਕਰਨਾ ਬੱਚੇ ਦੀ ਸਹਾਇਤਾ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਸ ਵਿੱਚ ਸ਼ਾਮਲ ਹਨ:

***ਨਿੱਤ ਦਾ ਕੰਮ***
ਨਿੱਤ ਦਾ ਕੰਮ ਮਹੱਤਵਪੂਰਨ ਹੈ ਇਸ ਲਈ ਕੋਈ ਅਜਿਹਾ ਨਿਯਮਿਤ ਸਮਾਂ ਲੱਭੋ ਜਦੋਂ ਤੁਹਾਡਾ ਬੱਚਾ ਜ਼ਿਆਦਾ ਥੱਕਿਆ ਹੋਇਆ ਨਾ ਹੋਵੇ, ਜਿਵੇਂ ਵੀਕਐਂਡ ਦੀ ਸਵੇਰ। ਇਹ ਅਜਿਹਾ ਸਮਾਂ ਹੋਣਾ ਚਾਹੀਦਾ ਹੈ ਜਦੋਂ ਤੁਸੀਂ ਕੋਲ ਹੋਵੋ ਅਤੇ ਲੋੜ ਪੈਣ ਤੇ ਸਹਾਇਤਾ ਕਰ ਸਕੋ।

***ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ***
ਆਪਣੇ ਬੱਚੇ ਦੇ ਹੋਮਵਰਕ ਕਰਨ ਲਈ ਕੋਈ ਅਜੇਹੀ ਥਾਂ ਲੱਭੋ ਜਿਹੜੀ ਕਾਫ਼ੀ ਸ਼ਾਂਤ ਹੋਵੇ। ਇਸ ਥਾਂ ਤੇ ਰੌਸ਼ਨੀ ਕਾਫ਼ੀ ਹੋਣੀ ਚਾਹੀਦੀ ਹੈ ਅਤੇ ਇੱਥੇ ਸਾਮਾਨ ਦੀ ਕੋਈ ਘੜਮਸ ਨਹੀਂ ਹੋਣੀ ਚਾਹੀਦੀ। ਦੂਜਿਆਂ ਨੂੰ ਉਤਸ਼ਾਹਿਤ ਕਰੋ ਕਿ ਜਦੋਂ ਤੁਹਾਡਾ ਬੱਚਾ ਹੋਮਵਰਕ ਕਰ ਰਿਹਾ ਹੋਵੇ ਤਾਂ ਉਸ ਸਮੇਂ ਉਹ ਬੱਚੇ ਦਾ ਧਿਆਨ ਭੰਗ ਨਾ ਕਰਨ!

© PSHB ਕੰਪਨੀ ਲਿਮਿਟੇਡ 2005, 2014

***ਬੁਨਿਆਦੀ ਲੋੜਾਂ***

ਯਕੀਨੀ ਬਣਾਓ ਕਿ ਹੋਮਵਰਕ ਕਰਨ ਲਈ ਬੈਠਣ ਲਗਿਆਂ ਤੁਹਾਡਾ ਬੱਚਾ ਥੱਕਿਆ ਹੋਇਆ, ਭੁੱਖਾ, ਪਿਆਸਾ ਜਾਂ ਚਿੜਚਿੜਾ ਨਾ ਹੋਵੇ ਅਤੇ ਉਸਨੂੰ ਠੰਡ ਵਗੈਰਾ ਨਾ ਲਗ ਰਹੀ ਹੋਵੇ। ਇਹਨਾਂ ਸਾਰੀਆਂ ਗੱਲਾਂ ਕਾਰਨ ਧਿਆਨ ਲਗਾਉਣ ਅਤੇ ਸਿੱਖਣ/ਯਾਦ ਕਰਨ ਵਿਚ ਕਠਿਨਾਈ ਹੁੰਦੀ ਹੈ।

ਜਦੋਂ ਤੁਹਾਡਾ ਬੱਚਾ ਕੰਮ ਖਤਮ ਕਰ ਲਵੇ ਤਾਂ ਇਹ ਵਿਖਾਉਣ ਲਈ ਕਿ ਉਹ ਕੰਮ ਖਤਮ ਹੋ ਗਿਆ ਹੈ, ਤੁਸੀਂ ਉਸ ਤੇ ਦਸਤਖਤ ਕਰ ਦਿਓ। ਦਸਤਖਤ ਮਾਤਾ/ਪਿਤਾ/ਨਿਗਰਾਨ ਦੀ ਟਿੱਪਣੀ ਵਾਲੇ ਖ਼ਾਨੇ ਵਿਚ ਕਰੋ ਅਤੇ ਫਿਰ ਇਹਨਾਂ ਵਿੱਚੋਂ ਇੱਕ ਖ਼ਾਨੇ ਵਿੱਚ ਸਹੀ ਦਾ ਨਿਸ਼ਾਨ ਲਗਾ ਦਿਓ:

- ***ਮਦਦ ਨਾਲ*** ਜੇ ਤੁਹਾਡੇ ਬੱਚੇ ਨੂੰ ਹੋਮਵਰਕ ਕਰਨ ਵਿਚ ਮਦਦ ਦੀ ਲੋੜ ਪਈ ਸੀ;
- ***ਆਪਣੇ ਆਪ*** ਜੇ ਤੁਹਾਡੇ ਬੱਚੇ ਨੇ ਇਕੱਲੇ ਕੰਮ ਕੀਤਾ ਸੀ;
- ***ਆਤਮ-ਵਿਸ਼ਵਾਸ ਨਾਲ*** ਜੇ ਤੁਹਾਡੇ ਬੱਚੇ ਨੇ ਇਕੱਲੇ ਕੰਮ ਕੀਤਾ ਸੀ ਅਤੇ ਉਸਨੇ ਕੰਮ ਆਤਮ-ਵਿਸ਼ਵਾਸ ਨਾਲ ਕੀਤਾ ਸੀ।

ਇਸ ਵਿਚ ਅਜੇਹੀ ਥਾਂ ਵੀ ਹੈ ਜਿੱਥੇ ਤੁਸੀਂ ਟੀਚਰ ਲਈ ਆਪਣੀ ਟਿੱਪਣੀ ਲਿਖ ਸਕਦੇ ਹੋ ਅਤੇ, ਉਦਾਹਰਨ ਲਈ , ਕੋਈ ਕਠਿਨਾਈ ਜਾਂ ਕੋਈ ਵਿਸ਼ੇਸ਼ ਪ੍ਰਾਪਤੀ ਸਾਂਝਿਆਂ ਕਰ ਸਕਦੇ ਹੋ। ਅੰਤ ਵਿਚ, ਇਹ ਯਕੀਨੀ ਬਣਾਓ ਕਿ ਇਹ ਕਿਤਾਬ ਸਹੀ ਦਿਨ ਸਕੂਲ ਜਾਵੇ।

**ਤੁਸੀਂ ਮਦਦ ਕਿਵੇਂ ਕਰ ਸਕਦੇ ਹੋ – ਪ੍ਰਸ਼ੰਸਾ ਕਰੋ ਅਤੇ ਉਤਸ਼ਾਹ ਵਧਾਓ।**

ਮਾਤਾ/ਪਿਤਾ/ਨਿਗਰਾਨ ਦੇ ਤੌਰ ਤੇ ਤੁਹਾਡੇ ਵਿਚ ਆਪਣੇ ਬੱਚੇ ਦਾ ਆਤਮ-ਵਿਸ਼ਵਾਸ ਵਧਾਉਣ ਵਾਸਤੇ ਬਹੁਤ ਵੱਡੀ ਸ਼ਕਤੀ ਹੈ – ਅਤੇ ਕੁਝ ਸਿੱਖਣ ਲਈ ਆਤਮ-ਵਿਸ਼ਵਾਸ ਬਹੁਤ ਮਹੱਤਵਪੂਰਨ ਹੈ।

ਦਿੱਤੇ ਹੋਏ ਹੋਮਵਰਕ ਨੂੰ ਕਰਨ ਲਈ ਆਪਣੇ ਬੱਚੇ ਨੂੰ ਉਤਸ਼ਾਹਿਤ ਕਰਕੇ ਅਤੇ ਫੇਰ ਜਦੋਂ ਉਹ ਕੰਮ ਕਰ ਰਿਹਾ ਹੋਵੇ ਉਸਨੂੰ ਸਹਾਰਾ ਦੇ ਕੇ ਤੁਸੀਂ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦੇ ਹੋ। ਜ਼ਰੂਰੀ ਨਹੀਂ ਕਿ ਤੁਹਾਨੂੰ ਸਾਰੇ ਸਵਾਲਾਂ ਦੇ ਜਵਾਬ ਪਤਾ ਹੋਣ – ਇਸ ਨਾਲੋਂ ਜ਼ਿਆਦਾ ਜ਼ਰੂਰੀ ਇਹ ਵਿਖਾਉਣਾ ਹੈ ਕਿ ਤੁਸੀਂ ਉਸ ਦੇ ਕੰਮ ਵਿੱਚ ਦਿਲਚਸਪੀ ਲੈ ਰਹੇ ਹੋ!

ਜੇ ਤੁਹਾਡੇ ਬੱਚੇ ਨੂੰ ਹੋਮਵਰਕ ਬਾਰੇ ਪੱਕਾ ਯਕੀਨ ਨਹੀਂ ਹੈ ਤਾਂ ਸਾਰੇ ਸਵਾਲ ਉਸਦੇ ਨਾਲ ਇਕੱਠੇ ਪੜ੍ਹੋ ਅਤੇ 'ਸੰਕੇਤ ਦੇਣ ਵਾਲੇ' ਸਵਾਲ ਪੁੱਛੋ, ਜਿਵੇਂ:

- ***ਕੀ ਤੁਸੀਂ ਮੈਨੂੰ ਸਮਝਾ ਸਕਦੇ ਹੋ ਕਿ ਤੁਸੀਂ ਕੀ ਕਰ ਰਹੇ ਹੋ?***
- ***ਤੁਸੀਂ ਇਹ ਕੰਮ ਕਿਵੇਂ ਕਰੋਗੇ?***
- ***ਤੁਹਾਨੂੰ ਕਿਵੇਂ ਪਤਾ ਕਿ ਕਰਨਾ ਕੀ ਹੈ?***
- ***ਤੁਸੀਂ ਕੀ ਪਤਾ ਕਰਨਾ ਹੈ?***

ਜਦੋਂ ਤੁਸੀਂ ਬੱਚੇ ਨਾਲ ਹੋਮਵਰਕ ਬਾਰੇ ਇਸ ਤਰ੍ਹਾਂ ਚਰਚਾ ਕਰੋਗੇ ਤਾਂ ਬੱਚਾ 'ਟੀਚਰ' ਦੀ ਭੂਮਿਕਾ ਲੈ ਸਕਦਾ ਹੈ ਅਤੇ ਤੁਹਾਨੂੰ ਸਮਝਾ ਸਕਦਾ ਹੈ ਕਿ ਉਸ ਤੋਂ ਕੀ ਆਸ ਕੀਤੀ ਜਾਂਦੀ ਹੈ। ਅਜਿਹਾ ਕਰਨਾ ਵੀ ਸਿੱਖਣ ਦੀ ਪ੍ਰਕਿਰਿਆ ਦਾ ਇਕ ਅਹਿਮ ਅਮਲ ਹੋ ਸਕਦਾ ਹੈ।

ਸਹਾਇਤਾ ਅਤੇ ਪ੍ਰਸ਼ੰਸਾ ਕਰਨ ਅਤੇ ਉਤਸ਼ਾਹ ਵਧਾਉਣ ਵਿਚ ਕਦੇ ਕੰਜੂਸੀ ਨਾ ਵਿਖਾਓ। ਕਿਸੇ ਖਾਸ ਕੰਮ ਲਈ ਪ੍ਰਸ਼ੰਸਾ ਕਰੋ, ਜੋ ਉਹਨਾਂ ਦੇ ਕੰਮ ਦੇ ਕਿਸੇ ਖਾਸ ਪੱਖ 'ਤੇ ਕੇਂਦ੍ਰਿਤ ਹੋਵੇ, ਜਿਵੇਂ ਇਹ ਕਹਿਣਾ: 'ਮੈਨੂੰ ਉਹ ਤਰੀਕਾ ਚੰਗਾ ਲਗਿਆ ਹੈ ਜਿਵੇਂ ਤੁਸੀਂ...'; ਅਤੇ ਹਮੇਸ਼ਾਂ ਆਪਣੇ ਬੱਚੇ ਨੂੰ ਆਪਣੇ ਕੰਮ 'ਤੇ ਮਾਣ ਕਰਨ ਲਈ ਉਤਸ਼ਾਹਿਤ ਕਰੋ।

ਅਤੇ ਜੇ ਤੁਹਾਡੇ ਕੋਲ ਸਮਾਂ ਨਾ ਹੋਵੇ, ਹੋਮਵਰਕ ਵਿੱਚ ਸਹਾਇਤਾ ਅਤੇ ਸਮਰਥਨ ਕਿਸੇ ਵੀ ਵਿਸ਼ਵਾਸਯੋਗ ਵਿਅਕਤੀ ਦੁਆਰਾ ਦਿੱਤਾ ਜਾ ਸਕਦਾ ਹੈ, ਜਿਵੇਂ ਭਰਾ, ਭੈਣ, ਦਾਦਾ/ਦਾਦੀ/ਨਾਨਾ/ਨਾਨੀ ਜਾਂ ਕੋਈ ਗੁਆਂਢੀ; ਅਤੇ ਇਹ ਵੀ ਜ਼ਰੂਰੀ ਨਹੀਂ ਹਰ ਵਾਰੀ ਉਹੀ ਵਿਅਕਤੀ ਮਦਦ ਕਰੇ!

**ਸਿੱਖਿਆ ਘਰ ਅਤੇ ਸਕੂਲ ਦੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਹੋਮਵਰਕ ਅਜਿਹਾ ਪੁਲ ਬਣ ਸਕਦਾ ਹੈ ਜੋ ਬੱਚੇ ਦੇ ਜੀਵਨ ਦੇ ਇਹਨਾਂ ਦੋਨਾਂ ਖੇਤਰਾਂ ਨੂੰ ਜੋੜਦਾ ਹੈ। ਸਕੂਲ ਦੇ ਨਾਲ ਭਾਈਵਾਲ ਵਜੋਂ ਕੰਮ ਕਰਕੇ ਤੁਸੀਂ ਬੱਚੇ ਦੇ ਜੀਵਨ ਵਿੱਚ ਵੱਡੀ ਤਬਦੀਲੀ ਲਿਆ ਸਕਦੇ ਹੋ।**

***ਵਧੇਰੇ ਜਾਣਕਾਰੀ ਲਈ, ਸਾਡੀ ਵੈਬਸਾਈਟ ਤੇ ਜਾਓ: www.workabook.co.uk***

*ਅਨੁਵਾਦ ਅਤੇ ਟਾਈਪਸੈਟਿੰਗ: worldaccent.com*

© PSHB ਕੰਪਨੀ ਲਿਮਿਟੇਡ 2005, 2014